# ਮਿਸੀਸਾਗਾ ਕਾਉਂਸਿਲ ਕਮੇਟੀ ਵਿਚ ਹਿੱਸਾ ਪਾਓ
# ਅਤੇ ਆਪਣੇ ਸ਼ਹਿਰ ਨੂੰ ਬੇਹਤਰ ਬਣਾਉਣ ਵਿੱਚ ਆਪਣੀ ਭੂਮਿਕਾ ਨਿਭਾਓ

ਮਿਸੀਸਾਗਾ – ਓਨਟੈਰੀਓ, 24 ਫਰਵਰੀ, 2023 | ਸਿਟੀ ਆਫ ਮਿਸੀਸਾਗਾ ਕਾਉਂਸਿਲ ਦੀਆਂ ਸਲਾਹਕਾਰ ਕਮੇਟੀਆਂ ਵਿੱਚ ਨਿਯੁਕਤੀ ਲਈ ਸਿਟੀ ਵੱਲੋਂ ਵਸਨੀਕ ਨਾਗਰਿਕਾਂ ਤੋਂ ਅਰਜ਼ੀਆਂ ਲਈ ਸੱਦਾ ਦਿੱਤਾ ਜਾ ਰਿਹਾ ਹੈ | ਚਾਰ ਸਾਲ ਦੇ ਕਾਰਜਕਾਲ ਵਾਲੀਆਂ ਇਨ੍ਹਾਂ ਕਮੇਟੀਆਂ ਵਿੱਚ ਸਿਟੀਜ਼ਨ ਮੈਂਬਰ ਮਿਸੀਸਾਗਾ ਸ਼ਹਿਰ ਦੇ ਖਾਸ ਵਿਸ਼ਿਆਂ ਅਤੇ ਖੇਤਰਾਂ ਬਾਰੇ ਜਾਣਕਾਰੀ ਅਤੇ ਸੁਝਾਅ ਸਾਂਝੇ ਕਰ ਸਕਣਗੇ | ਅਰਜ਼ੀਆਂ ਵੀਰਵਾਰ, 16 ਫਰਵਰੀ, 2023 ਤੋਂ ਵੀਰਵਾਰ, 9 ਮਾਰਚ, 2023 ਤੱਕ ਸਵੀਕਾਰ ਕੀਤੀਆਂ ਜਾਣਗੀਆਂ |

ਸਿਟੀਜ਼ਨ ਮੈਂਬਰਾਂ ਦੀ ਲੋੜ ਹੇਠ ਲਿਖੀਆਂ ਸਲਾਹਕਾਰ ਕਮੇਟੀਆਂ ਲਈ ਹੈ:

- ਕੰਬੈਟਿੰਗ ਰੇਸੀਜ਼ਮ, ਡਿਸਕ੍ਰਿਮੀਨੇਸ਼ਨ ਐਂਡ ਹੇਟਰੈਡ ਐਡਵਾਇਜ਼ਰੀ ਕਮੇਟੀ - ਨਵੀ ਕਮੇਟੀ
- ਐਨਵਾਯਰੇਨਮੈਂਟਲ ਐਕਸ਼ਨ ਕਮੇਟੀ
- ਗਵਰਨੈਂਸ ਕਮੇਟੀ
- ਮਿਸੀਸਾਗਾ ਸਾਇਕਲਿੰਗ ਐਡਵਾਇਜ਼ਰੀ ਕਮੇਟੀ
- ਮਿਸੀਸਾਗਾ ਸਟੂਡੈਂਟ ਟ੍ਰੈਫ਼ਿਕ ਸੇਫ਼ਟੀ ਐਕਸ਼ਨ ਕਮੇਟੀ
- ਪੋਰਟ ਕ੍ਰੈਡਿਟ ਹੈਰੀਟੇਜ ਕੋਨਜ਼ਰਵੇਸ਼ਨ ਡਿਸਟ੍ਰਿਕਟ ਸਬਕਮੇਟੀ
- ਰੋਡ ਸੇਫ਼ਟੀ ਕਮੇਟੀ
- ਟੋਇੰਗ ਇੰਡਸਟਰੀ ਐਡਵਾਇਜ਼ਰੀ ਕਮੇਟੀ
- ਟ੍ਰਾਂਜ਼ਿਟ ਐਡਵਾਇਜ਼ਰੀ ਕਮੇਟੀ – ਨਵੀ ਕਮੇਟੀ

ਸਿਟੀਜ਼ਨ ਮੈਂਬਰ ਦੀ ਮਿਆਦ ਮੰਗਲਵਾਰ, 14 ਨਵੰਬਰ, 2026 ਨੂੰ ਜਾਂ ਨਵੀਂ ਮਿਆਦ ਲਈ ਕਮੇਟੀ ਦੀ ਨਿਯੁਕਤੀ ਹੋਣ ਤੱਕ ਖਤਮ ਹੋ ਜਾਵੇਗੀ।

## ਸਲਾਹਕਾਰ ਕਮੇਟੀ ਵਿੱਚ ਸਿਟੀਜ਼ਨ ਮੈਂਬਰ ਵਜੋਂ ਨਿਯੁਕਤੀ ਦੇ ਮਾਪਦੰਡ

ਮਿਸੀਸਾਗਾ ਕਮੇਟੀ ਵਿੱਚ ਨਿਯੁਕਤੀ ਲਈ ਬਿਨੈਕਾਰ ਦੀਆਂ ਮੁੱਢਲੀਆਂ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ:

- ਕੈਨੇਡੀਅਨ ਨਾਗਰਿਕਤਾ
- ਮਿਸੀਸਾਗਾ ਨਿਵਾਸੀ ਜਾਂ ਵਪਾਰੀ
- 18 ਸਾਲ ਤੋਂ ਵੱਧ ਉਮਰ
- ਸਿਟੀ ਆਫ ਮਿਸੀਸਾਗਾ ਜਾਂ ਰੀਜਨ ਆਫ ਪੀਲ ਨਾਲ ਨੌਕਰੀਬੱਧ **ਨਾ** ਹੋਵੇ

ਕੁਝ ਕਮੇਟੀਆਂ ਲਈ ਵਾਧੂ ਯੋਗਤਾਵਾਂ ਦੀ ਲੋੜ ਹੋ ਸਕਦੀ ਹੈ।

## ਅਰਜ਼ੀ ਦੀ ਆਖਰੀ ਮਿਤੀ

ਅਰਜ਼ੀਆਂ ਵੀਰਵਾਰ, 16 ਫਰਵਰੀ, 2023 ਤੋਂ ਵੀਰਵਾਰ, 9 ਮਾਰਚ, 2023 ਤੱਕ ਸਵੀਕਾਰ ਕੀਤੀਆਂ ਜਾ ਰਹੀਆਂ ਹਨ। ਅਰਜ਼ੀ ਪ੍ਰਕਿਰਿਆ ਦੁਆਰਾ ਚੁਣੇ ਗਏ ਨਾਗਰਿਕ ਨਾਲ ਇੰਟਰਵਿਊ ਲਈ ਸੰਪਰਕ ਕੀਤਾ ਜਾਵੇਗਾ। ਕੋਈ ਵੀ ਨਿੱਜੀ ਜਾਣਕਾਰੀ *Municipal Act* ਦੇ ਅਧਿਕਾਰ ਅਧੀਨ ਇਕੱਠੀ ਕੀਤੀ ਜਾਂਦੀ ਹੈ।

ਕੌਂਸਲ ਦੀਆਂ ਕਮੇਟੀਆਂ ਬਾਰੇ ਵਧੇਰੇ ਜਾਣਕਾਰੀ ਲਈ, mississauga.ca/council/committees 'ਤੇ ਜਾਓ ।




-30-

**ਮੀਡੀਆ ਸੰਪਰਕ**
ਸਿਟੀ ਆਫ ਮਿਸੀਸਾਗਾ ਮੀਡੀਆ ਰੇਲੇਸ਼ਨਸ
media@mississauga.ca
905-615-3200, ext. 5232
TTY: 905-896-5151